بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿੱਆਈ ਦਾ ਬਿਆਨ, ਰਮਜ਼ਾਨ ਵਿਚੱ ਹਰ ਅਹਮਦੀ ਲਈ ਦੁਆ ਕਰਨ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 31 ਮਾਰਚ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼, ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਅਜੱ ਕਲ੍ਹੱ ਅਸੀਂ ਰਮਜ਼ਾਨ ਦੇ ਮਹੀਨੇ ਵਿੱਚੋਂ ਗ਼ੁਜ਼ਰ ਹਰੇ ਹਾਂ। ਇਹ ਅਜ਼ਿਹਾ ਮਹੀਨਾ ਹੈ ਜਿਸ ਵਿਚੱ ਇਕੱ ਰੂਹਾਨੀ ਮਾਹੌਲ ਬਣ ਜਾਂਦਾ ਹੈ। ਰੋਜ਼ਿਆਂ ਨਾਲ ਇਬਾਦਤ ਵਲ੍ਹੱ ਧਿਆਨ ਵਧੱ ਹੁੰਦਾ ਹੈ। ਕੁਰਆਨੇ ਕਰੀਮ ਪੜ੍ਹਣ ਅਤੇ ਸੁੰਨਣ ਵਲ੍ਹੱ ਧਿਆਨ ਹੁੰਦਾ ਹੈ। ਰੋਜ਼ਿਆਂ ਦਾ ਹਕੀਕੀ ਫ਼ੈਜ਼ ਚੁਕੱਣਾ ਹੈ ਤਾਂ ਕੁਰਆਨੇ ਕਰੀਮ ਪੜ੍ਹਣ ਵਲ੍ਹੱ ਧਿਆਨ ਵਧੱ ਹੋਣਾ ਚਾਹੀਦਾ ਹੈ। ਰਮਜ਼ਾਨ ਦਾ ਕੁਰਆਨੇ ਕਰੀਮ ਨਾਲ ਖ਼ਾਸ ਸੰਬੰਧ ਹੈ। ਰਬੱ ਕੁਰਆਨ ਕਰੀਮ ਵਿਚੱ ਫ਼ਰਮਾਉਂਦਾ ਹੈ ਕਿ ਰਮਜ਼ਾਨ ਦਾ ਮਹੀਨਾ ਉਹ ਮਹੀਨਾ ਹੈ। ਜਿਸ ਵਿਚੱ ਕੁਰਆਨੇ ਕਰੀਮ ਨਾਜ਼ਲ ਕੀਤਾ ਗਿਆ। ਉਹ ਕੁਰਆਨੇ ਕਰੀਮ ਜੋ ਸਾਰੇ ਮਨੁੱਖਾਂ ਲਈ ਹਦਾਯਤ ਬਣਾ ਕੇ ਭੇਜਿਆ ਹੈ।

ਕੁਝੱ ਭਰੋਸੇਯੋਗ ਰਵਾਯਤਾਂ ਇਹ ਵੀ ਕਹਿੰਦੀਆਂ ਹਨ ਕਿ 24 ਰਮਜ਼ਾਨ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉੱਤੇ ਪਹਿਲੀ ਵਹੀ ਹੋਈ। ਹਰ ਰਮਜ਼ਾਨ ਵਿਚੱ ਜਿਬਰਾਈਲ ਅਲੈਹਿ ਸਲਾਮ ਆਪ ਸਲੱਲਾਹੋ ਅਲੈਹਿ ਵਸਲੱਮ ਨਾਲ ਕੁਰਆਨੇ ਕਰੀਮ ਦਾ ਇਕੱ ਦੌਰ ਸੰਪੂਰਨ ਕਰਦੇ ਸਨ ਅਤੇ ਅੰਤਿਮ ਰਮਜ਼ਾਨ ਵਿਚੱ ਦੋ ਬਾਰ ਇਹ ਦੌਰ ਸੰਪੂਰਨ ਹੋਇਆ। ਸਾਨੂੰ ਵੀ ਇਸ ਮਹੀਨੇ ਵਿਚੱ ਖ਼ਾਸ ਤੌਰ'ਤੇ ਕੁਰਆਨੇ ਕਰੀਮ ਪੜ੍ਹਣ, ਉਸ ਦੀ ਤਫ਼ਸੀਰ ਪੜ੍ਹਣ ਅਤੇ ਸੁੰਨਣ ਵਲ੍ਹੱ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਐਮ. ਟੀ. ਏ ਉੱਤੇ ਵੀ ਕੁਰਆਨੇ ਕਰੀਮ ਦਾ ਦਰਸ ਆਉਂਦਾ ਹੈ। ਉਸ ਨੂੰ ਵੀ ਸੁੰਨਣਾ ਚਾਹੀਦਾ ਹੈ। ਕੁਰਆਨੇ ਕਰੀਮ (ਮੂਲ ਪਾਠ) ਦੇ ਨਾਲ ਨਾਲ ਇਸ ਦੇ ਅਨੁਵਾਦ ਅਤੇ

ਵਿਆਖਿਆ ਪੜ੍ਹਣਗੇ ਤਾਂ ਹੀ ਅਸੀਂ ਉਨ੍ਹਾਂ ਹੁਕਮਾਂ ਦੀ ਮਹਤੱਤਾ ਨੂੰ ਸਮਝ ਸਕਦੇ ਹਨ। ਜੋ ਇਸ ਵਿਚੱ ਬਿਆਨ ਹੋਏ ਹਨ। ਉਨ੍ਹਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਸਕਦੇ ਹਨ। ਆਪਣੇ ਜੀਵਨ ਨੂੰ ਕੁਰਆਨੀ ਸਿਖਿੱਆਵਾਂ ਦੇ ਅਨੁਸਾਰ ਬਣਾ ਸਕਦੇ ਹਨ ਅਤੇ ਰਬੱ ਦੇ ਫ਼ਜ਼ਲਾਂ ਨੂੰ ਪ੍ਰਾਪਤ ਕਰਨ ਵਾਲੇ ਬਣ ਸਕਦੇ ਹਨ। ਸੋ, ਜੇਕਰ ਅਸੀਂ ਰਮਜ਼ਾਨ ਵਿਚੱ ਹਕੀਕੀ ਫ਼ੈਜ਼ ਪਾਉਣਾ ਹੈ। ਤਾਂ ਸਾਨੂੰ ਕੁਰਆਨੇ ਕਰੀਮ ਦੀ ਤਿਲਾਵਤ ਅਤੇ ਉਸ ਉੱਤੇ ਗ਼ੌਰ ਕਰਨ ਵਲੱ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਨੂੰ ਬਾਰ ਬਾਰ ਪੜ੍ਹਣ ਦੀ ਲੋੜ੍ਹ ਹੈ। ਤਾਂ ਕਿ ਅਸੀਂ ਸਹੀ ਢੰਗ ਨਾਲ ਕੁਰਆਨੇ ਕਰੀਮ ਦੀ ਸਿਖਿੱਆ ਦੀ ਸਮਝ ਪ੍ਰਾਪਤ ਕਰ ਸਕਣ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰਬੱ ਦੀਆਂ ਹਿਕਮਤਾਂ ਅਤੇ ਆਦੇਸ਼ ਦੋ ਕਿਸਮ ਦੇ ਹੁੰਦੇ ਹਨ। ਕੁਝੱ ਪੱਕੇ ਅਤੇ ਸਦੇਵੀਂ ਹੁੰਦੇ ਹਨ ਅਤੇ ਕੁਝੱ ਸਮੇਂ ਦੀ ਲੋੜ੍ਹਾਂ ਅਨੁਸਾਰ ਹੁੰਦੇ ਹਨ। ਮਿਸਾਲ ਵੱਜੋਂ ਸਫ਼ਰ ਵਿਚੱ ਨਮਾਜ਼ ਜਾਂ ਰੋਜ਼ਾ ਦੇ ਸੰਬੰਧੀ ਹੋਰ ਆਦੇਸ਼ ਹਨ ਅਤੇ ਆਮ ਹਾਲਤਾਂ ਵਿਚੱ ਹੋਰ ਆਦੇਸ਼ ਹਨ। ਸਫ਼ਰ ਵਿਚੱ ਨਮਾਜ਼ ਜਮ੍ਹਾ ਕਰਨ ਅਤੇ ਕਸਰ ਕਰਨ ਦੀ ਆਗਿਆ ਹੈ। ਜਦੱਕਿ ਆਮ ਹਾਲਤਾਂ ਵਿਚੱ ਪੂਰੀ ਪੜ੍ਹਣ ਦਾ ਆਦੇਸ਼ ਹੈ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਤੌਰੈਤ ਅਤੇ ਇੰਜੀਲ ਦੇ ਆਦੇਸ਼ ਸਮੇਂ ਦੀ ਲੋੜ੍ਹਾਂ ਅਨੁਸਾਰ ਸਨ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਜੋ ਸ਼ਰੀਅਤ ਅਤੇ ਕਿਤਾਬ ਲੈ ਕੇ ਆਏ ਸਨ। ਉਹ ਪੱਕੀ ਅਤੇ ਸਦੇਵੀਂ ਸ਼ਰੀਅਤ ਹੈ। ਇਸ ਵਿਚੱ ਜੋ ਕੁਝੱ ਬਿਆਨ ਕੀਤਾ ਗਿਆ ਹੈ। ਉਹ ਪੂਰਨ ਅਤੇ ਸੰਪੂਰਨ ਹਨ। ਕੁਰਆਨੇ ਕਰੀਮ ਪੱਕਾ ਕਾਨੂੰਨ ਹੈ ਅਤੇ ਤੌਰੈਤ-ਇੰਜੀਲ, ਜੇਕਰ ਕੁਰਆਨ ਕਰੀਮ ਨ ਵੀ ਆਉਂਦਾ ਤਾਂ ਵੀ ਮਨਸੂਖ਼ ਹੋ ਜਾਂਦੀਆਂ। ਕਿਉਂਕਿ ਉਹ ਪੱਕਾ ਅਤੇ ਸਦੇਵੀਂ ਕਾਨੂੰਨ ਨਹੀਂ ਸਨ। ਜਦੱਕਿ ਕੁਰਆਨੇ ਕਰੀਮ ਦੀ ਸਿਖਿੱਆ ਸੰਪੂਰਨ ਅਤੇ ਆਦੇਸ਼ ਤੇ ਹਦਾਯਤਾਂ ਹਰ ਜ਼ਮਾਨੇ ਲਈ ਹਨ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੇ ਆਉਣ ਦੇ ਉਦੇਸ਼ ਅਤੇ ਕੁਰਆਨੇ ਕਰੀਮ ਦੀ ਸੰਪੂਰਨ ਸ਼ਰੀਅਤ ਬਾਰੇ ਫ਼ਰਮਾਉਂਦੇ ਹਨ ਕਿ ਮੇਰੇ ਆਉਣ ਦੀ ਇਲੱਤੇ ਗ਼ਾਈ ਅਤੇ ਮੇਰੇ ਆਉਣ ਦਾ ਉਦੇਸ਼ ਕੇਵਲ ਇਸਲਾਮ ਦੀ ਨਵੀਨਤਾ ਅਤੇ ਮਦਦ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉੱਤੇ ਸ਼ਰੀਅਤ ਅਤੇ ਨਬੁਵੱਤ ਦਾ ਖ਼ਾਤਮਾ ਹੋ ਚੁਕਿੱਆ ਹੈ। ਹੁਣ ਕੋਈ ਸ਼ਰੀਅਤ ਨਹੀ ਆ ਸਕਦੀ ਕੁਰਆਨੇ ਕਰੀਮ ਖ਼ਾਤਮੁਲੱ ਕੁਤੁਬ ਹੈ। ਇਸ ਵਿਚੱ ਹੁਣ ਇਕੱ ਸ਼ੋਸ਼ੇ ਜਾਂ ਨੁਕਤੇ ਦੀ ਕਮੀ ਦੀ ਥਾਂ ਨਹੀਂ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਫ਼ੈਜ਼ ਅਤੇ ਬਰਕਤਾਂ ਅਤੇ ਕੁਰਆਨ ਕਰੀਮ ਦੀ ਸਿਖਿੱਆ ਅਤੇ ਹਦਾਯਤਾਂ ਦੇ ਫ਼ਲ੍ਹਾਂ ਦਾ ਖ਼ਾਤਮਾ ਨਹੀਂ ਹੋ ਗਿਆ। ਉਹ ਹਰ ਜ਼ਮਾਨੇ ਲਈ ਤਾਜ਼ਾ ਮੌਜੂਦ ਹਨ ਅਤੇ ਇੰਨ੍ਹਾਂ ਫ਼ੈਜ਼ਾਂ ਅਤੇ ਬਰਕਤਾਂ ਦੇ ਪ੍ਰਮਾਣ ਵੱਜੋਂ ਰਬੱ ਨੇ ਮੈਨੂੰ ਖੜ੍ਹਾ ਕੀਤਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਰਬੱ ਤੋਂ ਗਿਆਨ ਪ੍ਰਾਪਤ ਕਰਕੇ ਸਭ ਨੂੰ ਸੰਬੋਧਿਤ ਕਰਕੇ ਫ਼ਰਮਾਇਆ ਕਿ ਤੂੰ ਕਹਿ ਕਿ ਹੇ ਮਨੁਖੋਂ ! ਮੈਂ ਤੁਹਾਡੇ ਵਲੱ ਰਬੱ ਦਾ ਰਸੂਲ ਹਾਂ । ਇਸ ਲਈ ਜ਼ਰੂਰੀ ਸੀ ਕਿ ਕੁਰਆਨ ਕਰੀਮ ਉਨ੍ਹਾਂ ਸਿਖਿੱਆਵਾਂ ਦਾ ਇਕੱਠ ਹੋਵੇ ਜੋ ਸਮੇਂ ਸਮੇਂ ਉੱਤੇ ਜਾਰੀ ਰਹਿ ਚੁਕਿੱਆਂ ਸਨ ਅਤੇ ਉਨ੍ਹਾਂ ਸਾਰਿਆਂ ਸੱਚਾਈਆਂ ਨੂੰ ਆਪਣੇ ਅੰਦਰ ਰਖੱਦਾ ਜੋ ਆਕਾਸ਼ ਤੋਂ ਵਖੱ ਵਖੱ ਨਬੀਆਂ ਰਾਹੀਂ ਜ਼ਮੀਨ ਦੇ ਵਸਨੀਕਾਂ ਨੂੰ ਪਹੁੰਚ ਗਈ ਸਨ । ਕੁਰਆਨੇ ਕਰੀਮ ਦੀ ਨਜ਼ਰ ਵਿਚੱ ਸੰਪੂਰਨ ਲੋਕ ਸਨ । ਨ ਕਿ ਕੋਈ ਖਾਸ ਕੌਮ ਅਤੇ ਦੇਸ਼ ਅਤੇ ਜ਼ਮਾਨਾ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਰਬੱ ਦੇ ਹੁਕਮ ਨਾਲ ਇਹ ਐਲਾਨ ਕਿ ਮੈਂ ਸਾਰੇ ਸੰਸਾਰ ਵਲੱ ਰਬੱ ਦਾ ਰਸੂਲ ਹਾਂ । ਇਹ ਇਸ ਗਲੱ ਦਾ ਵੀ ਸਬੂਤ ਹੈ ਕਿ ਕੁਰਆਨੇ ਕਰੀਮ ਸਾਰੇ ਸੰਸਾਰ ਲਈ ਹਦਾਯਤ ਦਾ ਸਾਧਨ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨੇ ਕਰੀਮ ਹਿਕਮਤ ਹੈ ਅਤੇ ਸਦੇਵੀਂ ਸ਼ਰੀਅਤ ਹੈ ਅਤੇ ਸਾਰੀ ਸਿਖਿੱਆਵਾਂ ਦਾ ਖ਼ਜ਼ਾਨਾ ਹੈ । ਇੰਞ ਕੁਰਆਨੇ ਕਰੀਮ ਦਾ ਪਹਿਲਾ ਚਮਤਕਾਰ ਉਤੱਮ ਦਰਜੇ ਦੀ ਸਿਖਿੱਆ ਹੈ ਅਤੇ ਦੂਜਾ ਚਮਤਕਾਰ ਉਸ ਦੀਆਂ ਵਡੱਮੁਲ੍ਹੀ ਭਵਿਖੱਬਾਣਿਆਂ ਹਨ । ਰਸੂਲੁੱਲਾਹ ਸਲੱਲਾਹੋ ਅਲੈਹਿ ਵਸੱਲਮ ਦਾ ਮੱਕੀ ਜੀਵਨ ਸਾਰਾ ਭਵਿਖੱਬਾਣਿਆ ਨਾਲ ਭਰਪੂਰ ਹੈ । ਫ਼ਿਰ 13 ਸੌ ਸਾਲ ਬਾਦ ਕਾਯਮ ਹੋਣ ਵਾਲੇ ਸਿਲਸਿਲੇ ਦੀ ਅਤੇ ਉਸ ਸਮੇਂ ਦੇ ਨਿਸ਼ਾਨਾਂ ਤੇ ਅਲਾਮਤਾਂ ਦੀ ਭਵਿਖੱਬਾਣੀਆਂ ਕਿਵੇਂ ਵਡੱਮੁਲ੍ਹੀ ਅਤੇ ਬੇ-ਨਜ਼ੀਰ ਹਨ । ਅਰਥਾਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਦੀ ਭਵਿਖਬਾਣੀਆਂ ਹਾਲੇ ਤਕੱ ਇਸ ਸ਼ਾਨ ਨਾਲ ਪੂਰੀਆਂ ਹੋ ਰਹੀਆਂ ਹਨ । ਸੰਸਾਰ ਦੀ ਕੋਈ ਕਿਤਾਬ ਇੰਨ੍ਹਾਂ ਭਵਿਖੱਬਾਣੀਆਂ ਦਾ ਮੁਕਾਬਲਾ ਨਹੀਂ ਕਰ ਸਕਦੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨੇ ਕਰੀਮ ਵਿਚੱ ਥਾਂ ਥਾਂ ਉੱਤੇ ਪਾਬੰਦ ਕੀਤਾ ਹੈ ਕਿ ਅਕਲ, ਸਮਝ, ਤਦਬੀਰ ਅਤੇ ਈਮਾਨ ਨਾਲ ਕੰਮ ਲਿਆ ਜਾਵੇ ਕੁਰਆਨੇ ਕਰੀਮ ਅਤੇ ਦੂਜੀ ਕਿਤਾਬਾਂ ਵਿਚੱ ਇਹੀ ਅੰਤਰ ਹੈ ਅਤੇ ਕਿਸੇ ਕਿਤਾਬ ਨੇ ਆਪਣੀ ਸਿਖਿੱਆਵਾਂ ਨੂੰ ਅਕਲ, ਤਦਬੀਰ ਅਤੇ ਆਜ਼ਾਦ ਨੁਕਤਾ-ਚੀਨੀ ਦੇ ਅੱਗੇ ਪਾਉਣ ਦੀ ਹਿੰਮਤ ਨਹੀਂ ਕੀਤੀ । ਰਬੱ ਫ਼ਰਮਾਉਂਦਾ ਹੈ ਕਿ ਇਹ ਇਕੱ ਇਜ਼ੱਤ ਵਾਲਾ ਕੁਰਆਨ ਹੈ । ਇਹ ਕਾਗ਼ਜ਼ਾਂ ਤਕੱ ਨਹੀਂ ਹੈ । ਸਗੋਂ ਉਹ ਇਕੱ ਛੱਪੀ ਹੋਈ ਕਿਤਾਬ ਵਿਚੱ ਹੈ । ਜਿਸ ਨੂੰ “ਸਹੀਫ਼ਾ ਫ਼ਿਤਰਤ” ਕਹਿੰਦੇ ਹਨ । ਇਸ ਦੀ ਸਿਖਿੱਆ ਕਥਾ ਕਹਾਣੀ ਨਹੀਂ ਜੋ ਮਿਟੱ ਜਾਵੇ । ਸਗੋਂ ਜੋ ਇਸ ਨੂੰ ਸਮਝੇਗਾ ਅਤੇ ਕਰਮ ਕਰੇਗਾ । ਉਹ ਰਬੱ ਦੇ ਫ਼ਜ਼ਲਾਂ ਨੂੰ ਪ੍ਰਾਪਤ ਕਰੇਗਾ । ਇਸ ਦੇ ਪ੍ਰਭਾਵਾਂ ਅਤੇ ਇਸ ਦੀ ਢੂੰਗਿਆਈ ਪਾਕ ਲੋਕਾਂ ਉੱਤੇ ਹੀ ਖੁਲ੍ਹਦੀ ਹੈ ਅਤੇ ਇਸ ਲਈ ਪਾਕ ਲੋਕਾਂ ਦੀ ਸੰਗਤ ਤੋਂ ਫ਼ੈਜ਼ ਪ੍ਰਾਪਤ ਕਰਨ ਦੀ ਲੋੜ੍ਹ ਹੈ । ਇਸ ਜ਼ਮਾਨੇ ਵਿਚੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹੀ ਹਨ । ਜਿਨ੍ਹਾਂ ਨੇ ਰਬੱ ਤੋਂ

ਗਿਆਨ ਪ੍ਰਾਪਤ ਕਰਕੇ ਜੋ ਬਿਆਨ ਫ਼ਰਮਾਇਆ ਉਹ ਸਾਨੂੰ ਵੇਖਣਾ ਅਤੇ ਉਸ ਵਲੱ ਧਿਆਨ ਦੇਣਾ ਚਾਹੀਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨੇ ਕਰੀਮ ਦਾ ਨਾਂ ਜ਼ਿਕਰ ਰਖਿੱਆ ਗਿਆ ਹੈ । ਇਸ ਲਈ ਕਿ ਉਹ ਮਨੁਖੱ ਦੀ ਅੰਦਰੂਨੀ ਸ਼ਰੀਅਤ ਯਾਦ ਕਰਵਾਉਂਦਾ ਹੈ । ਜੋ ਮਨੁਖੱ ਦੇ ਅੰਦਰ ਵਖੱ ਵਖੱ ਤਾਕਤਾਂ ਦੀ ਸ਼ਕਲ ਵਿਚੱ ਰਖਿੱਆ ਹੈ । ਨਰਮੀ, ਕੁਰਬਾਨੀ, ਬਹਾਦਰੀ, ਜ਼ੁਲਮ ਅਤੇ ਗੁੱਸਾ ਆਦਿ । ਅਰਥਾਤ ਜੋ ਫ਼ਿਤਰਤ ਛੁੱਪੀ ਰੱਖੀਂ ਸੀ । ਕੁਰਆਨ ਨੇ ਉਸ ਨੂੰ ਯਾਦ ਕਰਵਾਇਆ । ਰਬੱ ਨੇ ਫ਼ਰਮਾਇਆ ਕਿ ਕੁਰਆਨ ਉੱਤੇ ਗ਼ੌਰ ਕਰੋ । ਇਸ ਉੱਤੇ ਅਮਲ ਮਨੁੱਖੀ ਫ਼ਿਤਰਤ ਦੇ ਉਤੱਮ ਮਿਆਰ ਰਖੱਦਾ ਹੈ । ਸੋ, ਇਸ ਨਜ਼ਰ ਨਾਲ ਸਾਨੂੰ ਕੁਰਆਨੇ ਕਰੀਮ ਪੜ੍ਹਣਾ ਅਤੇ ਸਮਝਣਾ ਚਾਹੀਦਾ । ਅਜੱ ਕਲੱ ਆਜ਼ਾਦੀ ਦੇ ਨਾਂ ਉੱਤੇ ਬਚਿੱਆਂ ਅਤੇ ਬਜ਼ੁਰਗਾਂ ਦੇ ਦਿਮਾਗ਼ਾਂ ਨੂੰ ਜੋ ਗੰਦਾ ਕੀਤਾ ਜਾ ਰਿਹਾ ਹੈ । ਇਸ ਤੋਂ ਵੀ ਅਸੀਂ ਬਚੱ ਸਕਣਗੇ । ਜੇਕਰ ਅਸੀਂ ਜਮਾਅਤੀ ਕਿਤਾਬਾਂ ਅਤੇ ਕੁਰਆਨੇ ਕਰੀਮ ਦੀ ਵਿਆਖਿਆ ਪੜ੍ਹਣਗੇ । ਤਾਂ ਮਾਂ-ਬਾਪ ਬਚਿੱਆਂ ਦੇ ਸਵਾਲਾਂ ਦੇ ਜਵਾਬ ਵੀ ਦੇ ਸਕਣਗੇ । ਹੁਣ ਜ਼ਮਾਨਾ ਆ ਗਿਆ ਹੈ । ਜਿਸ ਬਾਰੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਭਵਿਖੱਬਾਣੀ ਫ਼ਰਮਾਈ ਸੀ ਕਿ ਲੋਕ ਕੁਰਆਨ ਪੜ੍ਹਣਗੇ ਪਰ ਉਨ੍ਹਾਂ ਦੇ ਗਲ੍ਹੇ ਤੋਂ ਹੇਠਾਂ ਕੁਰਆਨ ਨਹੀਂ ਉਤਰੇਗਾ । ਇਹੀ ਅਸੀਂ ਵੇਖਦੇ ਹਾਂ ਕਿ ਬਹੁਤ ਕਾਰੀ ਹਨ । ਬਹੁਤ ਪੜ੍ਹਣ ਵਾਲੇ ਹਨ । ਪਰ ਅਮਲ ਕੋਈ ਨਹੀਂ । ਕਾਸ਼ ਮੁਸਲਮਾਨ ਅਕਲ ਕਰਨ ਅਤੇ ਉਸ ਮਨੁਖੱ ਵਲੱ ਧਿਆਨ ਕਰਨ ਜਿਸ ਨੂੰ ਰਬੱ ਨੇ ਭੇਜਿਆ ਹੈ । ਉਸ ਦੀ ਗਲੱ ਸੁਣੋ । ਆਪਣੇ ਅੰਦਰ ਵੇਖੋ । ਜ਼ਮਾਨੇ ਦੀ ਲੋੜ੍ਹ ਵੇਖੋ । ਮੁਸਲਮਾਨਾਂ ਦੇ ਆਮ ਹਾਲਾਤ ਵੇਖੋ । ਕੇਵਲ ਫ਼ਤਵਿਆਂ ਨਾਲ ਜ਼ੋਰ ਦੇ ਕੇ ਇਸਲਾਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨ ਕਰੋ । ਕੁਰਆਨੇ ਕਰੀਮ ਦੀ ਹਕੀਕਤ ਨੂੰ ਸਮਝੋ । ਹਰ ਹਾਲ ਵਿਚੱ ਅਸੀਂ ਅਹਮਦੀਆਂ ਨੂੰ ਆਪਣੇ ਹਰ ਸਮੇਂ ਜਾਇਜ਼ੇ ਲੈਂਦੇ ਰਹਿਣੇ ਚਾਹੀਦੇ ਹਨ ਕਿ ਅਸੀਂ ਕਿੱਥੇ ਤਕੱ ਕੁਰਆਨੇ ਕਰੀਮ ਦੀ ਸਿਖਿੱਆ ਦੀ ਹਕੀਕਤ ਨੂੰ ਸਮਝਦੇ ਅਤੇ ਉਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਦੇ ਹਨ ਜਾਂ ਕਰ ਰਹੇ ਹਨ । ਅਜੱ ਕਲ੍ਹ ਸੋਸ਼ਲ ਮਿਡੀਆ ਉੱਤੇ ਕੁਝੱ ਛੋਟੇ ਛੋਟੇ ਪ੍ਰੋਗਰਾਮ ਜਾਂ ਕਲਿਪ ਤੋਂ ਪਤਾ ਲਗੱਦਾ ਹੈ ਕਿ ਲੋਕਾਂ ਨੂੰ ਇਸਲਾਮ ਦੀ ਮੁਢੱਲੀ ਸਿਖਿੱਆ ਅਤੇ ਤਾਰੀਖ਼ ਦਾ ਹੀ ਨਹੀਂ ਪਤਾ । ਬਸ ਮੌਲਵੀ ਦੇ ਕਹਿਣ ਉੱਤੇ ਨਬੁਵੱਤ ਨੂੰ ਬਚਾਉਣ ਜਾਂ ਕੁਰਆਨ ਜਾਂ ਸਹਾਬਾ ਰਜ਼ੀ ਅੱਲਾਹ ਅੰਨਹੋ ਦੇ ਨਾਂ ਉੱਤੇ ਜਮਾਅਤੇ ਅਹਮਦੀਆ ਦੇ ਖ਼ਿਲਾਫ਼ ਨਾਅਰੇ ਲਾਉਣ ਅਤੇ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਹੈ । ਬੰਗਲਾਦੇਸ਼ ਤੋਂ ਕਿਸੇ ਨੇ ਮੈਨੂੰ ਲਿਖਿੱਆ ਕਿ ਜਦੱ ਜਲੂਸ ਆਇਆ ਅਤੇ ਉਨ੍ਹਾਂ ਨੇ ਹਮਲਾ ਕੀਤਾ । ਤਾਂ ਇਕੱ ਲੜ੍ਹਕਾ ਪਥੱਰ ਮਾਰ ਰਿਹਾ ਸੀ । ਸਾਡੇ ਇਕੱ ਅਹਮਦੀ ਨੇ ਕਿਹਾ ਕਿ ਇਹ ਕੁਰਆਨ ਵਿਚੱ ਲਿਖਿੱਆ ਹੈ ? ਕੀ ਇਹ ਇਸਲਾਮ ਹੈ ? ਅਸੀਂ ਤਾਂ ਕਲਮਾ ਪੜ੍ਹਣ ਵਾਲੇ

ਹਨ । ਉਸ ਨੇ ਛੇਤੀ ਨਾਲ ਪਥੱਰ ਥੱਲ੍ਹੇ ਸੁਟੱ ਦਿੱਤਾ । ਸੋ ਅਜਿਹੇ ਲੋਕ ਮੌਲਵੀਆਂ ਦੇ ਜੋਸ਼ ਦਿਲਾਉਣ ਉੱਤੇ ਕੰਮ ਕਰਨ ਲਗੱ ਜਾਂਦੇ ਹਨ । ਰਬੱ ਇਨ੍ਹਾਂ ਸ਼ਰਾਰਤੀਆਂ ਤੋਂ ਸਾਨੂੰ ਬਚਾਵੇ ਅਤੇ ਸਾਨੂੰ ਇਹ ਤੌਫ਼ੀਕ ਬਖ਼ਸ਼ੇ ਕਿ ਅਸੀਂ ਰਮਜ਼ਾਨ ਵਿਚੱ ਵੀ ਅਤੇ ਬਾਦ ਵਿਚੱ ਵੀ ਕੁਰਆਨੇ ਕਰੀਮ ਨੂੰ ਸਮਝਣ, ਸਿਖੱਣ ਅਤੇ ਅਮਲ ਕਰਨ ਵਾਲੇ ਹੋਣ ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਰਮਜ਼ਾਨ ਵਿਚੱ ਦੁਆਵਾਂ ਵਲ੍ਹੱ ਵੀ ਖ਼ਾਸ ਧਿਆਨ ਦੇਣ । ਰਬੱ ਹਰ ਥਾਂ ਹਰ ਅਹਮਦੀ ਨੂੰ ਹਰ ਪਰੇਸ਼ਾਨੀ ਤੋਂ ਬਚਾਵੇ ਅਤੇ ਰਬੱ ਦੀ ਨਜ਼ਰ ਵਿਚੱ ਜੋ ਬਦਲਣ ਵਾਲੇ ਨਹੀਂ ਉਨ੍ਹਾਂ ਨੂੰ ਨਿਸ਼ਾਨ ਬਣਾਵੇ । ਤਾਂ ਕਿ ਦੂਜੇ ਰਬੱ ਦੇ ਆਦੇਸ਼ਾਂ ਉੱਤੇ ਅਮਲ ਕਰਨ ਵਾਲੇ ਬਣ ਸਕਣ । ਸੰਸਾਰ ਲਈ ਆਮ ਤੌਰ'ਤੇ ਵੀ ਦੁਆ ਕਰੋ, ਰਬੱ ਜੰਗ ਦੀ ਆਫ਼ਤ ਤੋਂ ਸੰਸਾਰ ਨੂੰ ਬਚਾਵੇ । ਆਮੀਨ

ਖ਼ੁਤਬਾ ਜੁਮਆ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ ਮੌਲਾਨਾ ਮੁਨਵਰ ਅਹਮਦ ਖ਼ੁਰਸ਼ੀਦ ਸਾਹਿਬ ਮੁਰਬੀ ਸਿਲਸਿਲਾ, ਇਕਬਾਲ ਅਹਮਦ ਮੁਨੀਰ ਸਾਹਿਬ ਮੁਰਬੀ ਸਿਲਸਿਲਾ ਆਫ਼ ਪਾਕਿਸਤਾਨ ਦੇ ਆਕਾਲ ਚਲਾਣੇ ਉੱਤੇ ਉਨਾਂ ਦੇ ਜ਼ਿਕਰ ਅਤੇ ਉਨ੍ਹਾਂ ਦੀ ਜਮਾਅਤੀ ਸੇਵਾਵਾਂ ਦਾ ਜ਼ਿਕਰ ਕਰਨ ਬਾਦ ਫ਼ਰਮਾਇਆ : ਤੀਜਾ ਜ਼ਿਕਰ ਹੈ ਸਯੱਦਾ ਨੁਸਰਤ ਜਹਾਂ ਬੈਗ਼ਮ ਸਾਹਿਬਾ ਪਤਨੀ ਮਿਆਂ ਅਦਬੁਲੱ ਅਜ਼ੀਮ ਸਾਹਿਬ ਦਰਵੈਸ਼ ਮਰਹੂਮ ਕਾਦੀਆਂ ਦਾ । ਜ਼ਮਾਨਾ ਦਰਵੈਸ਼ੀ ਵਿਚੱ ਸੂਬਾ ਉਡੀਸ਼ਾ ਤੋਂ ਸ਼ਾਦੀ ਹੋ ਕੇ ਆਉਣ ਵਾਲੀ ਪਹਿਲੀ ਔਰਤ ਸਨ । ਮਰਹੂਮ ਨੇ ਆਪਣੇ ਪਤੀ ਨਾਲ ਦਰਵੈਸ਼ੀ ਦਾ ਦੌਰ ਸਬਰ ਅਤੇ ਸ਼ੁਕਰ ਨਾਲ ਗੁਜ਼ਾਰਾ । ਨੁਮਾਜ਼ ਰੋਜ਼ਾ ਦੀ ਬਹੁਤ ਪਾਬੰਦ, ਦੁਆ ਕਰਨ ਵਾਲੀ ਅਤੇ ਸ਼ਰਧਾਵਾਨ ਔਰਤ ਸਨ । ਤਿਲਾਵਤ ਕਰਨ ਵਾਲੀ ਅਤੇ ਕੁਰਆਨੇ ਕਰੀਮ ਦੂਜਿਆਂ ਨੂੰ ਪੜ੍ਹਾਉਣ ਵਾਲੀ ਸਨ । ਬਹੁਤ ਸਾਰੇ ਬਚਿੱਆਂ ਅਤੇ ਔਰਤਾਂ ਨੂੰ ਕੁਰਆਨੇ ਕਰੀਮ ਪੜ੍ਹਣਾ ਸਿਖਾਇਆ । ਸੇਵਾ ਦਾ ਜਜ਼ਬਾ ਸੀ । ਕਾਦੀਆਂ ਵਿਚੱ ਔਰਤਾਂ ਦੇ ਕਫ਼ਨ ਦਫ਼ਨ ਦੇ ਮੌਕੇ'ਤੇ ਇਹ ਵੱਡੀ ਸੇਵਾ ਕਰਦੀਆਂ ਸਨ । ਖ਼ਲੀਫ਼ਾ ਨਾਲ ਖ਼ਾਸ ਸੰਬੰਧ ਸੀ । ਉਨ੍ਹਾਂ ਦੇ ਵਾਰਸਾਂ ਵਿਚੱ ਚਾਰ ਪੁਤੱਰ ਅਤੇ ਇਕੱ ਕੁੜ੍ਹੀ ਹਨ । ਰਬੱ ਉਨ੍ਹਾਂ ਨਾਲ ਬਖ਼ਸ਼ਿਸ਼ ਅਤੇ ਰਹਿਮ ਦਾ ਸਲੂਕ ਫ਼ਰਮਾਏ । ਦਰਜਾਤ ਬੁਲੰਦ ਕਰੇ । ਨਮਾਜ਼ ਦੇ ਬਾਦ ਮੈਂ ਉਨ੍ਹਾਂ ਦੀ ਨਮਾਜ਼ ਜਨਾਜ਼ਾ ਗ਼ਾਇਬ ਵੀ ਪੜ੍ਹਾਵਾਂਗਾ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ
اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ
یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔